
## ਜਮਾਤ -ਸੱਤਵੀਂ ਪਾਠ-1 ਵਣਜਾਰਾ



**ਪ੍ਰਸ਼ਨ (ੳ) ਵੱਖ-ਵੱਖ ਧਰਮਾਂ ਲਈ ਵਣਜਾਰਾ ਕੀ ਸੰਦੇਸ਼ ਦਿੰਦਾ ਹੈ?**

ਉੱਤਰ- ਵੱਖ-ਵੱਖ ਧਰਮਾਂ ਲਈ ਵਣਜਾਰਾ ਨਫਰਤ ਨੂੰ ਦੂਰ ਕਰਕੇ ਆਪਸ ਵਿੱਚ ਮਿਲ ਕੇ ਰਹਿਣ ਦਾ ਸੰਦੇਸ਼ ਦਿੰਦਾ ਹੈ

**ਪਸ਼ਨ(ਅ)ਗੀਤ ਅਨੁਸਾਰ ਨਫਰਤ ਮਨੁੱਖ ਲਈ ਕਿਵੇਂ ਨੁਕਸਾਨਦਾਇਕ ਹੈ?**

ਉੱਤਰ- ਗੀਤ ਅਨੁਸਾਰ ਨਫਰਤ ਮਨੁੱਖ ਨੂੰ ਖੁੱਲ੍ਹ ਕੇ ਹੱਸਣ,ਸੌਣ ਅਤੇ ਰੋਣ ਵੀ ਨਹੀਂ ਦਿੰਦੀ। ਇਸ ਤਰ੍ਹਾਂ ਇਹ ਮਨੁੱਖ ਨੂੰ ਬਹੁਤ ਦੁੱਖ ਦਿੰਦੀ ਹੈ।

**ਪ੍ਰਸ਼ਨ (ੲ) ਏਕੇ ਬਾਰੇ ਕਵੀ ਕੀ ਕਹਿੰਦਾ ਹੈ?**

ਉੱਤਰ- ਕਵੀ ਕਹਿੰਦਾ ਹੈ ਕਿ ਏਕੇ ਵਿੱਚ ਸ਼ਕਤੀ ਹੁੰਦੀ ਹੈ,ਇਸ ਲਈ ਏਕਾ ਸਾਨੂੰ ਪਿਆਰਾ ਹੈ।

**ਪ੍ਰਸ਼ਨ (ਸ) ਇਸ ਗੀਤ ਨੂੰ ਪੜ੍ਹ ਕੇ ਤੁਸੀਂ ਕੀ ਮਹਿਸੂਸ ਕਰਦੇ ਹੋ?**

ਉੱਤਰ- ਇਸ ਗੀਤ ਨੂੰ ਪੜ੍ਹ ਕੇ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਨੂੰ ਧਰਮਾਂ,ਜਾਤਾਂ ਦੇ ਸਾਰੇ ਭੇਦ-ਭਾਵ ਭੁਲਾ ਕੇ ਆਪਸ ਵਿੱਚ ਪ੍ਰੇਮ-ਪਿਆਰ ਨਾਲ ਮਿਲ-ਜੁਲ ਕੇ ਰਹਿਣਾ ਚਾਹੀਦਾ ਹੈ।

**ਪ੍ਰਸ਼ਨ 2. ਹੇਠ ਲਿਖੀਆਂ ਸਤਰਾਂ ਦਾ ਕੀ ਭਾਵ ਹੈ:**

ਨਾ ਕੋਈ ਊਚ ਨਾ ਨੀਚ ਪਛਾਣੇ,ਸਭ ਨੂੰ ਆਪਣਾ ਜਾਣੇ,
ਆਪਸ ਵਿੱਚ ਨੇ ਮੂਰਖ ਲੜਦੇ,ਲੜਦੇ ਨਹੀਂ ਸਿਆਣੇ।
ਏਕੇ ਵਿੱਚ ਹੈ ਸ਼ਕਤੀ ਹੁੰਦੀ,ਏਕਾ ਸਾਨੂੰ ਪਿਆਰਾ।




ਉਪਰੋਕਤ ਸਤਰਾਂ ਦਾ ਭਾਵ ਹੈ ਕਿ ਸਾਨੂੰ ਕਿਸੇ ਨੂੰ ਵੀ ਵੱਡਾ ਜਾਂ ਛੋਟਾ ਨਹੀਂ ਸਮਝਣਾ ਚਾਹੀਦਾ। ਸਭ ਨੂੰ ਆਪਣਾ ਮੰਨ ਕੇ ਮਿਲ-ਜੁਲ ਕੇ ਰਹਿਣਾ ਚਾਹੀਦਾ ਹੈ ਕਿਉਂਕਿ ਆਪਸ ਵਿੱਚ ਸਿਰਫ ਮੂਰਖ ਲੜਦੇ ਹਨ। ਏਕਤਾ ਵਿੱਚ ਸ਼ਕਤੀ ਹੁੰਦੀ ਹੈ। ਇਸ ਲਈ ਸਾਨੂੰ ਏਕਤਾ ਪਸੰਦ ਹੈ।

**ਪ੍ਰਸ਼ਨ 3. ਹੇਠ ਲਿਖੀਆਂ ਕਾਵਿ-ਸਤਰਾਂ ਪੂਰੀਆਂ ਕਰੋ:**

(ੳ) ਸੱਜੇ -ਖੱਬੇ ਦੀ ਗੱਲ ਛੱਡੋ;ਸਿੱਧੇ ਰਸਤੇ ਚੱਲੋ,
ਸਾਂਝਾ ਰਸਤਾ,ਸਾਂਝੀ ਮੰਜ਼ਲ;ਉਸ ਨੂੰ ਜਾ ਕੇ ਮੱਲੋ।

(ਅ) ਭਾਰਤ ਦੀ ਜੈ ਸਾਰੇ ਬੋਲੋ,ਭਾਰਤ ਸਾਨੂੰ ਪਿਆਰਾ,
ਬਸਤੀ-ਬਸਤੀ ਜੰਗ.ਲ-ਜੰਗ.ਲ ਗਾਉਂਦਾ ਹੈ ਵਣਜਾਰਾ

**ਪ੍ਰਸਨ 4. ਵਿਦਿਆਰਥੀ ਸ਼ਬਦ ਪੜ੍ਹ ਕੇ ਉਨਾਂ ਦੇ ਅਰਥ ਪੁਸਤਕ ਵਿੱਚੋਂ ਆਪ ਸਮਝਣਗੇ।**


ਤਿਆਰ ਕਰਤਾ:-

ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700